# ਪੰਜਾਬ ਵਿਧਾਨ ਸਭਾ

ਛੇਵਾਂ (ਬਜਟ) ਸਮਾਗਮ

ਨਿਸ਼ਾਨ ਵਾਲੇ ਪ੍ਰਸ਼ਨ

## 07 ਮਾਰਚ, 2024

----

ਕੁੱਲ ਪ੍ਰਸ਼ਨ 20

----

### ਗੁਰਦਾ ਖਰਾਬ ਵਿਅਕਤੀਆਂ ਨੂੰ ਅਪੰਗਤਾ ਸ਼੍ਰੇਣੀ ਵਿ੍ਚ ਸ਼ਾਮਲ ਕਰਨਾ

***1023 ਸ. ਗੁਰਪ੍ਰੀਤ ਸਿੰਘ ਬਨਾਂਵਲੀ ( ਸਰਦੂਲਗੜ੍ਹ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਜਿੰਨ੍ਹਾਂ ਵਿਅਕਤੀਆਂ ਦੇ ਕਿਸੇ ਕਾਰਣ ਕਰਕੇ ਗੁਰਦੇ ਖਰਾਬ ਹੋ ਗਏ ਹਨ ਅਤੇ ਉਨ੍ਹਾਂ ਨੇ ਗੁਰਦਾ ਟਰਾਂਸਫਰ ਕਰਵਾਕੇ ਆਪਣਾ ਇਲਾਜ ਕਰਵਾ ਲਿਆ ਹੈ, ਕੀ ਉਨ੍ਹਾਂ ਵਿਅਕਤੀਆਂ ਨੂੰ ਪੰਜਾਬ ਸਰਕਾਰ ਕੋਈ ਵਿਸ਼ੇਸ ਆਰਥਿਕ ਸਹਾਇਤਾ ਦੇ ਰਹੀ ਹੈ;

**ਅ)** ਕੀ ਗੁਰਦਾ ਟਰਾਂਸਫਰ ਕਰਵਾਉਣ ਵਾਲੇ ਜਾਂ ਇੱਕ ਗੁਰਦਾ ਕਢਵਾ ਚੁੱਕੇ ਜਾਂ ਦਾਨ ਕਰ ਚੁੱਕੇ ਵਿਅਕਤੀਆਂ ਨੂੰ ਅਪੰਗਤਾ ਦੀ ਸ਼ੇ੍ਣੀ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ ਜਾਂ ਨਹੀਂ, ਪੰਜਾਬ ਵਿੱਚ ਅਜਿਹੇ ਕਿੰਨੇ ਕੇਸ ਹਨ; ਵੇਰਵੇ ਸਹਿਤ ਦੱਸਿਆ ਜਾਵੇ?

----

### ਹਲਕਾ ਜਗਰਾਉਂ ਦੇ ਪਿੰਡ ਅਖਾੜਾ ਵਿਖੇ ਬਣੇ ਨਹਿਰੀ ਵਿਸ਼ਰਾਮ-ਘਰ ਦਾ ਨਵੀਨੀਕਰਨ ਕਰਨਾ

***1027 ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ):**

**ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ, ਬਾਗਬਾਨੀ, ਸੂਚਨਾ ਅਤੇ ਲੋਕ ਸੰਪਰਕ, ਖਾਨ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਉਂ ਦੇ ਪਿੰਡ ਅਖਾੜਾ ਵਿਖੇ ਅਬੋਹਰ ਕੈਨਾਲ ਉੱਪਰ ਬਣੇ ਨਹਿਰੀ ਵਿਸ਼ਰਾਮ- ਘਰ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਵਿਸ਼ਰਾਮ-ਘਰ (ਵਿਰਾਸਤ) ਦੇ ਨਵੀਨੀਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਸੜਕਾਂ ਤੇ ਲੱਗੇ ਸਫੈਦੇ ਦੇ ਦਰੱਖਤਾਂ ਨੂੰ ਹਟਾਉਣਾ

***1034 ਸ. ਹਰਮੀਤ ਸਿੰਘ ਪਠਾਣਮਾਜਰਾ ( ਸਨੌਰ):**

**ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ**

ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸੜਕਾਂ ਦੇ ਨਾਲ ਲਗਦੇ ਸਫੈਦੇ ਦੇ ਦਰੱਖਤਾਂ ਨੂੰ ਹਟਾਉਣ ਦਾ ਵਿਚਾਰ ਰੱਖਦੀ ਹੈ ਤਾਂ ਜੋ ਜਮੀਨ ਹੇਠਲੇ ਪਾਣੀ ਦਾ ਪੱਧਰ ਹੋਰ ਹੇਠਾਂ ਨਾ ਜਾ ਸਕੇ; ਜੇਕਰ ਹਾਂ ਤਾਂ ਕਦੋਂ ਤੱਕ?

----

## ਪਿੰਡ ਨੋਰੰਗਾਬਾਦ ਤੋਂ ਵਾਇਆ ਪਿੰਡ ਮਲਮੋਹਰੀ ਤੋਂ ਪਿੰਡ ਲਾਲਪੁਰਾ ਸੜਕ ਦੀ ਰਿਪੇਅਰ ਕਰਨਾ

***1041 ਸ. ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਖਡੂਰ ਸਾਹਿਬ ਦੇ ਪਿੰਡ ਨੋਰੰਗਾਬਾਦ ਤੋਂ ਵਾਇਆ ਪਿੰਡ ਮਲਮੋਹਰੀ ਤੋਂ ਪਿੰਡ ਲਾਲਪੁਰਾ ਸੜਕ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ, ਜਿਸ ਦੀ ਰਿਪੇਅਰ 2016 ਤੋਂ ਡਿਊ ਹੈ; ਜੇਕਰ ਅਜਿਹਾ ਹੈ ਤਾਂ ਡਿਊ ਹੋਣ ਦੇ ਬਾਵਜੂਦ ਹੁਣ ਤੱਕ ਰਿਪੇਅਰ ਨਾ ਹੋਣ ਦੇ ਕੀ ਕਾਰਨ ਹਨ ਅਤੇ ਇਸ ਸੜਕ ਦੀ ਰਿਪੇਅਰ ਕਦੋਂ ਤੱਕ ਹੋ ਜਾਵੇਗੀ?

----

## ਸੀ.ਐਚ.ਸੀ. ਦਾਦਾ ਕਾਲੋਨੀ ਜਲੰਧਰ ਦੀ ਮੌਜੂਦਾ ਸਥਿਤੀ ਦੇ ਵੇਰਵੇ

***1017 ਸ਼੍ਰੀ. ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਦਾਦਾ ਕਾਲੋਨੀ ਜਲੰਧਰ ਵਿਖੇ ਅਰਬਨ ਕਮਿਊਨਿਟੀ ਹੈਲਥ ਸੈਂਟਰ (ਸੀ.ਐਚ.ਸੀ) ਸਥਿਤ ਹੈ;

ਅ) ਕਮਿਊਨਿਟੀ ਹੈਲਥ ਸੈਂਟਰ ਦੇ ਅਧੀਨ ਕੰਮ ਕਰ ਰਹੇ ਵੱਖ-ਵੱਖ ਸੈਂਟਰ/ਵਾਰਡ ਜਿਵੇਂ ਕਿ ਜਣੇਪਾ ਵਾਰਡ, ਬਰਨ ਸੈਂਟਰ /ਵਾਰਡ ਅਤੇ ਆਰਥੋਪੈਡਿਕ ਸੈਂਟਰ/ਵਾਰਡ ਆਦਿ ਦੇ ਵੇਰਵੇ ਕੀ ਹਨ;

ੲ) ਅਕਤੂਬਰ, ਨਵੰਬਰ 2023 ਦੌਰਾਨ ਉਪਰੋਕਤ ਸੀ.ਐਚ.ਸੀ ਦੇ ਵੱਖ-ਵੱਖ ਸੈਂਟਰਾਂ/ਵਾਰਡਾ ਦੀ ਓ.ਪੀ.ਡੀ ਵਿੱਚ ਕਿੰਨੇ ਮਰੀਜ਼ ਅਟੈਂਡ ਕੀਤੇ ਗਏ;

ਸ) ਦੋ ਮਹੀਨਿਆਂ ਦੌਰਾਨ ਕਮਿਊਨਿਟੀ ਸੈਂਟਰ ਤੇ ਕਿੰਨਾ ਖਰਚਾ ਕੀਤਾ ਗਿਆ ?

----

**ਮੱਲਾਂਵਾਲਾ-ਜੀਰਾ ਸੜਕ ਦੀ ਰਿਪੇਅਰ ਕਰਨਾ**

***1019 ਸ਼੍ਰੀ ਨਰੇਸ਼ ਕਟਾਰੀਆ (ਜ਼ੀਰਾ ):**

**ਲੋਕ ਨਿਰਮਾਣ, ਬਿਜਲੀ**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮੱਲਾਂਵਾਲਾ-ਜੀਰਾ ਸੜਕ ਜੋ ਕੀ ਇੱਕ ਮੁੱਖ ਸੜਕ ਹੈ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਅਜਿਹਾ ਹੈ ਤਾਂ ਇਨ੍ਹਾਂ ਸੜਕਾਂ ਦੀ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

**ਹਲਕਾ ਚੱਬੇਵਾਲ ਦੇ ਸਕੂਲਾਂ ਵਿੱਚ ਅਧਿਆਪਕਾਂ ਅਤੇ ਲੈਕਚਰਾਰਾਂ ਦੇ ਵੇਰਵੇ**

***963 ਡਾ. ਰਾਜ ਕੁਮਾਰ (ਚੱਬੇਵਾਲ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਚੱਬੇਵਾਲ ਵਿੱਚ ਮੌਜੂਦਾ ਸਮੇਂ ਵਿੱਚ ਪ੍ਰਾਇਮਰੀ, ਹਾਈ ਅਤੇ ਸੈਕੰਡਰੀ ਸਕੂਲਾਂ ਵਿੱਚ ਮੁੱਖ ਅਧਿਆਪਕਾਂ, ਅਧਿਆਪਕਾਂ ਅਤੇ ਲੈਕਚਰਾਰਾਂ ਦੇ ਸ਼੍ਰੇਣੀ-ਵਾਰ ਵੇਰਵੇ ਕੀ ਹਨ ਅਤੇ ਖਾਲੀ ਪਈਆਂ ਅਸਾਮੀਆਂ ਭਰਨ ਸਬੰਧੀ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ/ਚੁੱਕੇ ਜਾ ਰਹੇ ਹਨ; ਵੇਰਵੇ ਸਹਿਤ ਦੱਸਿਆ ਜਾਵੇ ?

----

**ਸਾਂਝੀ ਜਮੀਨ ਦੀ ਵੰਡ ਬਾਰੇ ਨੀਤੀ ਬਣਾਉਣਾ**

***1024 ਸ਼੍ਰੀਮਤੀ ਨਰਿੰਦਰ ਕੌਰ ਭਰਾਜ (ਸੰਗਰੂਰ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੂਬੇ ਵਿੱਚ ਜਿਨ੍ਹਾਂ ਲੋਕਾਂ ਕੋਲ ਸਾਂਝੀ ਜਮੀਨ ਹੈ, ਉਹਨਾਂ ਦੀ ਸਾਂਝੀ ਜਮੀਨ ਦੀ ਵੰਡ ਸਾਰੇ ਭਰਾਵਾਂ ਦੀ ਸਹਿਮਤੀ ਨਾ ਬਣਨ ਕਾਰਨ ਜਮੀਨ ਤਕਸੀਮ ਨਹੀਂ ਕੀਤੀ ਜਾ ਸਕਦੀ; ਜੇਕਰ ਅਜਿਹਾ ਹੈ ਤਾਂ ਕੀ ਇਸ ਸਮੱਸਿਆ ਦੇ ਹੱਲ ਲਈ ਕੋਈ ਨੀਤੀ ਬਣਾਉਣ ਦੀ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ, ਤਾਂ ਕਿ 50

ਪ੍ਰਤੀਸ਼ਤ ਤੋਂ ਵੱਧ ਪਰਿਵਾਰਕ ਮੈਂਬਰਾਂ ਦੀ ਸਹਿਮਤੀ ਅਨੁਸਾਰ ਜ਼ਮੀਨ ਨੂੰ ਤਕਸੀਮ ਕੀਤਾ ਜਾ ਸਕੇ; ਵੇਰਵੇ ਸਹਿਤ ਦੱਸਿਆ ਜਾਵੇ?

----

**ਪੋਸਤ ਦੀ ਖੇਤੀ ਕਰਨਾ**

***1029 ਸ. ਹਰਮੀਤ ਸਿੰਘ ਪਠਾਣਮਾਜਰਾ ( ਸਨੌਰ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸਿੰਥੈਟਿਕ ਡਰੱਗ ਨੂੰ ਠੱਲ੍ਹ ਪਾਉਣ ਲਈ ਪੰਜਾਬ ਵਿੱਚ ਪੋਸਤ ਦੀ ਖੇਤੀ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

----

**ਕੰਪਨੀ ਬਾਗ (ਰਾਮ ਬਾਗ) ਦਾ ਹਿੱਸਾ ਪ੍ਰਾਈਵੇਟ ਪਾਰਟੀ ਨੂੰ ਤਬਦੀਲ ਕਰਨਾ।**

***1011 ਸ਼੍ਰੀ ਕੁੰਵਰ ਵਿਜੈ ਪ੍ਰਤਾਪ ਸਿੰਘ (ਅੰਮ੍ਰਿਤਸਰ ਉੱਤਰੀ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ :-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ;-

ੳ) ਕੰਪਨੀ ਬਾਗ (ਰਾਮ ਬਾਗ) ਦਾ ਇੱਕ ਹਿੱਸਾ ਇੱਕ ਪ੍ਰਾਈਵੇਟ ਪਾਰਟੀ ਨੂੰ ਕਿਵੇਂ ਅਤੇ ਕਿਨਾਂ ਹਾਲਾਤਾਂ ਵਿੱਚ ਤਬਦੀਲ ਕੀਤਾ ਗਿਆ;

ਅ) ਕੀ ਪ੍ਰਾਈਵੇਟ ਪਾਰਟੀ ਦੇ ਨਾਲ ਸਮਝੌਤਾ ਕਰਨ ਤੋਂ ਪਹਿਲਾਂ ਕੋਈ ਟੈਂਡਰ ਜਾਂ ਕਿਸੇ ਕਿਸਮ ਦੀ ਸੂਚਨਾ ਜਾਰੀ ਕੀਤੀ ਗਈ ਸੀ ;

ੲ) ਕੀ ਇੰਪਰੂਵਮੈਂਟ ਟਰੱਸਟ ਅੰਮ੍ਰਿਤਸਰ ਅਜਿਹੇ ਸਮਝੌਤੇ ਤੇ ਹਸਤਾਖਰ ਕਰਨ ਦੇ ਸਮਰੱਥ ਹੈ ;

ਸ) ਸਮਝੋਤੇ ਦੀ ਕਾਪੀ ਅਤੇ ਬਾਕੀ ਦਸੱਤਾਵੇਜ਼ ਮੁਹੱਈਆ ਕਰਵਾਏ ਜਾਣ ?

----

**ਅਪ੍ਰੈਲ, 2022 ਤੋਂ ਹੁਣ ਤੱਕ ਅਸ਼ੀਰਵਾਦ ਸਕੀਮ ਅਧੀਨ ਲਾਭ-ਪਾਤਰੀਆਂ ਨੂੰ ਜਾਰੀ ਕੀਤੀ ਰਾਸ਼ੀ ਦੇ ਵੇਰਵੇ**

***925 ਸ. ਪ੍ਰਤਾਪ ਸਿੰਘ ਬਾਜਵਾ (ਕਾਦੀਆਂ):**

**ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ**

:-

ਕੀ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਤੀ 1.04.2022 ਤੋਂ ਲੈ ਕੇ ਹੁਣ ਤੱਕ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਅਧੀਨ ਕਿੰਨੇ ਲਾਭ-ਪਾਤਰੀਆਂ ਨੂੰ ਇਸ ਦਾ ਲਾਭ ਪਹੁੰਚਾਇਆ ਗਿਆ ਹੈ ਅਤੇ ਕਿੰਨੇ ਕੇਸ ਅਜੇ ਵੀ ਬਕਾਇਆ ਰਹਿੰਦੇ ਹਨ ਅਤੇ ਪ੍ਰਤੀ ਲਾਭ-ਪਾਤਰੀ ਕਿੰਨੀ ਰਾਸ਼ੀ ਦਿੱਤੀ ਜਾ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

**ਸ੍ਰੀ ਮੁਕਤਸਰ ਸਾਹਿਬ-ਕੋਟਕਪੂਰਾ ਰੋਡ 'ਤੇ ਪਿੰਡ ਵੜਿੰਗ ਦੇ ਨੇੜੇ ਸਥਿਤ ਟੋਲ ਪਲਾਜ਼ੇ ਸੰਬੰਧੀ**

***973 ਸ. ਜਗਦੀਪ ਸਿੰਘ ਕਾਕਾ ਬਰਾੜ ( ਮੁਕਤਸਰ ):**

**ਲੋਕ ਨਿਰਮਾਣ, ਬਿਜਲੀ**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਦੱਸਣਗੇ ਕਿ ਸ੍ਰੀ ਮੁਕਤਸਰ ਸਾਹਿਬ-ਕੋਟਕਪੂਰਾ ਰੋਡ ਤੇ ਸਥਿਤ ਟੋਲ ਪਲਾਜ਼ੇ ਨੂੰ ਕਿਸ ਸਾਲ ਵਿੱਚ ਸਰਕਾਰ ਵੱਲੋਂ ਮੰਜ਼ੂਰੀ ਦਿੱਤੀ ਗਈ ਸੀ; ਟੋਲ ਕੰਪਨੀ ਵੱਲੋਂ ਇਸ ਸੜਕ ਦਾ ਨਿਰਮਾਣ ਕਿਸ ਕਿਸ ਸਮੇਂ ਕੀਤਾ ਗਿਆ ਸੀ, ਕੀ ਇਸ ਟੋਲ ਕੰਪਨੀ ਨੂੰ ਕੰਮ ਪੂਰਾ ਕਰਨ ਦਾ ਸਰਟੀਫਿਕੇਟ ਸਰਕਾਰ ਵੱਲੋਂ ਜਾਰੀ ਕੀਤਾ ਜਾ ਚੁੱਕਾ ਹੈ; ਕੀ ਰਾਜਸਥਾਨ ਫੀਡਰ ਅਤੇ ਸਰਹੰਦ ਫੀਡਰ ਜ਼ੋ ਕਿ ਕੋਟਕਪੂਰਾ ਮੁਕਤਸਰ ਰੋਡ ਦੇ ਵਿਚਕਾਰ ਆਉਂਦੀਆ ਹਨ, ਉਪਰ ਨਵਾਂ ਪੁੱਲ ਬਣਾਉਣ ਦਾ ਕੰਮ ਕੰਟਰੈਕਟ ਵਿੱਚ ਲਿਖਿਆ ਗਿਆ ਹੈ; ਇਸ ਕੰਪਨੀ ਨਾਲ ਸਰਕਾਰ ਦੀਆਂ ਕੀ ਕੰਨਰੈਕਟ ਸ਼ਰਤਾਂ ਸਨ; ਕੀ ਇਹ ਕੰਪਨੀ ਇਹਨਾਂ ਸ਼ਰਤਾਂ ਨੂੰ ਪੂਰਾ ਕਰਦੀ ਹੈ; ਜੇਕਰ ਨਹੀਂ ਕਰਦੀ ਤਾਂ ਇਸ ਦੌਰਾਨ ਸਰਕਾਰ ਵੱਲੋਂ ਇਸ ਕੰਪਨੀ ਉੱਤੇ ਕੀ ਐਕਸਨ ਲਿਆ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

----

**ਰਿਟਾਇਰਡ ਪੈਨਸ਼ਨਰ ਪ੍ਰੋਫੈਸਰਾਂ ਦੀ ਮੁੜ ਬਹਾਲੀ ਤੇ ਰੋਕ ਲਗਾਉਣਾ।**

***953 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ :-**

ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ Visiting Resource Faculty ਸਕੀਮ ਜੋ ਰਾਜ ਸਰਕਾਰ ਵੱਲੋਂ ਪਿਛਲੇ ਸਾਲ ਸ਼ੁਰੂ ਕੀਤੀ ਸੀ ਅਧੀਨ ਰਾਜ ਦੇ ਸਰਕਾਰੀ ਕਾਲਜਾਂ ਵਿੱਚ ਰਿਟਾਇਰਡ ਪੈਨਸ਼ਨਰ ਪ੍ਰੋਫੈਸਰਾਂ ਨੂੰ ਮੁੜ ਪ੍ਰੋਫੈਸਰ/ ਐਸੋਸੀਏਟ ਪ੍ਰੋਫੈਸਰ/ ਸਹਾਇਕ ਪ੍ਰੋਫੈਸਰ ਭਰਤੀ ਕੀਤਾ ਜਾਂਦਾ ਹੈ ਅਤੇ ਨਿਜੀ ਕਾਲਜਾਂ ਵਿੱਚ ਪ੍ਰਿੰਸੀਪਲਾਂ ਦੀ ਭਰਤੀ ਲਈ ਪ੍ਰੋਫੈਸਰਾਂ/ ਐਸੋਸੀਏਟ ਪ੍ਰੋਫੈਸਰਾਂ /ਸਹਾਇਕ ਪ੍ਰੋਫੈਸਰਾਂ ਵਜੋਂ 12 ਸਾਲ ਦੇ ਤਜਰਬੇ ਦੀ ਸ਼ਰਤ ਰੱਖੀ ਹੋਈ ਹੈ ਜਿਸ ਕਾਰਨ ਜ਼ਿਆਦਾਤਰ ਰਿਟਾਇਰਡ ਪੈਨਸ਼ਨਰ ਪੋਫ਼ੈਸਰ ਸੇਵਾ ਮੁਕਤੀ ਤੋਂ ਬਾਅਦ 70 ਸਾਲ ਦੀ ਉਮਰ ਤੱਕ ਰਾਜ ਦੇ ਕਾਲਜਾਂ

ਵਿੱਚ ਮੁੜ ਨੌਕਰੀਆਂ ਕਰ ਰਹੇ ਜਦਕਿ ਰਾਜ ਦੇ NET/JRF/UGC/M.Ph./PHD ਪਾਸ ਯੋਗ ਨੌਜਵਾਣ ਨੌਕਰੀਆਂ ਤੋਂ ਵਾਂਝੇਂ ਰਹਿ ਜਾਂਦੇ ਹਨ ਜਿਸ ਕਾਰਨ ਰਾਜ ਵਿੱਚੋਂ ਬ੍ਰੇਨ-ਡ੍ਰੇਨ ਨੂੰ ਬੜ੍ਹਾਵਾ ਮਿਲ ਰਿਹਾ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸਰਕਾਰ ਰਾਜ ਦੇ ਯੋਗ ਨੌਜਵਾਨਾਂ ਨੂੰ ਸਿੱਖਿਆ ਵਿਭਾਗ ਵਿੱਚ ਵੱਧ ਤੋਂ ਵੱਧ ਨੌਕਰੀਆਂ ਦੇਣ ਲਈ ਨਿਜੀ ਕਾਲਜਾਂ ਵਿੱਚ ਪ੍ਰਿੰਸੀਪਲ ਦੀ ਭਰਤੀ ਲਈ ਪ੍ਰੋਫੈਸਰ/ ਐਸੋਸੀਏਟ ਪ੍ਰੋਫੈਸਰ/ਸਹਾਇਕ ਪ੍ਰੋਫੈਸਰ ਵਜੋਂ 12 ਸਾਲ ਦੇ ਤਜਰਬੇ ਦੀ ਸ਼ਰਤ ਨੂੰ ਘਟਾਕੇ 5 ਸਾਲ ਕਰਨ ਅਤੇ ਸਰਕਾਰੀ ਅਤੇ ਨਿਜੀ ਕਾਲਜਾਂ ਵਿੱਚ ਰਿਟਾਇਰਡ ਪੈਨਸ਼ਨਰ ਪ੍ਰੋਫੈਸਰ/ਐਸੋਸੀਏਟ ਪ੍ਰੋਫੈਸਰ/ਸਹਾਇਕ ਪ੍ਰੋਫੈਸਰ ਦੀ ਮੁੜ ਨਿਯੁਕਤੀ ਤੇ ਮੁਕੰਮਲ ਪਾਬੰਦੀ ਲਗਾ ਕੇ ਇਨ੍ਹਾਂ ਪੋਸਟਾਂ ਤੇ ਯੋਗ ਨੌਜਵਾਨਾਂ ਦੀ ਭਰਤੀ ਕਰਨ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ ਹਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

----

## ਦਰਬਾਰ ਗੰਜ ਰੈਸਟ ਹਾਊਸ ਕੰਪਲੈਕਸ ਵਿਚਲੀਆਂ ਸੜਕਾਂ ਦੀ ਮੁਰੰਮਤ ਕਰਨਾ

***940 ਸ. ਗੁਰਦਿੱਤ ਸਿੰਘ ਸੇਖੋਂ (ਫਰੀਦਕੋਟ):**

**ਲੋਕ ਨਿਰਮਾਣ, ਬਿਜਲੀ**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਦਰਬਾਰ ਗੰਜ ਰੈਸਟ ਹਾਊਸ ਕੰਪਲੈਕਸ ਵਿਚਲੀਆਂ ਸੜਕਾਂ ਦੀ ਮੁਰੰਮਤ ਹੋਏ ਨੂੰ ਲਗਭਗ ਦਸ ਸਾਲ ਦਾ ਸਮਾਂ ਹੋ ਚੁੱਕਿਆ ਹੈ ਅਤੇ ਇਸ ਵੇਲੇ ਇਹ ਸੜਕਾਂ ਬਿਲਕੁਲ ਟੁੱਟੀਆਂ ਪਈਆਂ ਹਨ; ਜੇਕਰ ਅਜਿਹਾ ਹੈ ਤਾਂ ਕੀ ਇਨ੍ਹਾਂ ਸੜਕਾਂ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਹਲਕਾ ਫਿਲੌਰ ਦੀਆਂ ਗ੍ਰਾਮ ਪੰਚਾਇਤਾਂ ਨੂੰ ਦਿੱਤੀਆਂ ਗ੍ਰਾਂਟਾਂ ਅਤੇ ਮੁਕੰਮਲ ਕੀਤੇ ਵਿਕਾਸ ਪ੍ਰੋਜੈਕਟਾਂ ਦੇ ਵੇਰਵੇ

***993 ਸ਼੍ਰੀ ਵਿਕਰਮਜੀਤ ਸਿੰਘ ਚੌਧਰੀ (ਫਿਲੌਰ):**

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ :-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) 10 ਮਾਰਚ, 2022 ਤੋਂ ਹਲਕਾ ਫਿਲੌਰ ਦੀਆਂ ਗ੍ਰਾਮ ਪੰਚਾਇਤਾਂ ਨੂੰ ਪਿੰਡ-ਵਾਰ ਅਤੇ ਸਾਲ ਵਾਰ ਕੁੱਲ ਕਿੰਨੀਆਂ ਗ੍ਰਾਂਟਾ ਦਿੱਤੀਆਂ ਗਈਆਂ;

(ਅ) ਹਲਕਾ ਫਿਲੌਰ ਵਿੱਚ 10 ਮਾਰਚ, 2022 ਤੋਂ ਐਵਾਰਡ ਕੀਤੇ ਅਤੇ ਮੁਕੰਮਲ ਕੀਤੇ ਗਏ ਵਿਕਾਸ ਪ੍ਰਾਜੈਕਟਾਂ ਦੇ ਵੇਰਵੇ ਕੀ ਹਨ?

----

**ਹਲਕਾ ਜਗਰਾਉਂ ਦੇ ਪਿੰਡਾਂ ਵਿੱਚ ਪੀਣ ਵਾਲੇ ਸਾਫ ਪਾਣੀ ਦਾ ਪ੍ਰਬੰਧ ਕਰਨਾ**

***1028 ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਉਂ ਦੇ ਕਈ ਪਿੰਡਾਂ ਵਿੱਚ ਪੀਣ ਵਾਲੇ ਸਾਫ ਪਾਣੀ ਦੀਆਂ ਪਾਈਪਾਂ ਟੁੱਟ ਚੁੱਕੀਆਂ ਹਨ ਅਤੇ ਉਹਨਾਂ ਦਾ ਰਲੇਵਾਂ ਸੀਵਰ ਦੀਆਂ ਪਾਈਪਾਂ ਨਾਲ ਹੋ ਜਾਂਦਾ ਹੈ; ਜੇਕਰ ਅਜਿਹਾ ਹੈ ਤਾਂ ਲੋਕਾਂ ਦੀ ਇਸ ਗੰਭੀਰ ਸਮੱਸਿਆ ਨੂੰ ਵੇਖਦੇ ਹੋਏ ਇੱਥੇ ਸਾਫ ਪਾਣੀ ਦਾ ਪ੍ਰਬੰਧ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

**ਸਾਲ 2022 ਦੌਰਾਨ ਹਲਕਾ ਖਡੂਰ ਸਾਹਿਬ ਦੇ ਲੋਕਾਂ ਨੂੰ ਹੜਾਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਦੇਣਾ**

***1042 ਸ. ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਾਲ 2022 ਵਿੱਚ ਹਲਕਾ ਖਡੂਰ ਸਾਹਿਬ ਦੇ ਪਿੰਡਾਂ ਵਿੱਚ ਹੜ ਦੇ ਕਾਰਨ ਹੋਏ ਨੁਕਸਾਨ ਸਬੰਧੀ ਅਜੇ ਤੱਕ ਕੁਝ ਵਿਅਕਤੀਆਂ ਨੂੰ ਮੁਆਵਜਾ ਨਹੀਂ ਦਿੱਤਾ ਗਿਆ; ਜੇਕਰ ਅਜਿਹਾ ਹੈ ਤਾਂ ਇਸ ਦੇ ਕੀ ਕਾਰਨ ਹਨ ਅਤੇ ਸਬੰਧਤ ਵਿਅਕਤੀਆਂ ਨੂੰ ਮੁਆਵਜ਼ਾ ਰਾਸ਼ੀ ਦੀ ਅਦਾਇਗੀ ਕਦੋਂ ਤੱਕ ਕਰ ਦਿੱਤੀ ਜਾਵੇਗੀ?

----

**ਦੀਨਾਨਗਰ ਦੇ ਡੰਪਿੰਗ ਗਰਾਊਂਡ ਨੂੰ ਕਿਸੇ ਹੋਰ ਥਾਂ ਤੇ ਤਬਦੀਲ ਕਰਨਾ**

***964 ਸ਼੍ਰੀਮਤੀ ਅਰੁਣਾ ਚੌਧਰੀ (ਦੀਨਾ ਨਗਰ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦੀਨਾਨਗਰ ਵਿਖੇ ਜੋ ਡੰਪਿੰਗ ਗਰਾਊਂਡ ਹੈ ਉਸ ਨੂੰ ਸੜਕ ਕਿਨਾਰੇ ਤੋਂ ਕਿਸੇ ਹੋਰ ਢੁਕਵੀਂ ਥਾਂ ਤੇ ਤਬਦੀਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

**ਐਸ.ਏ.ਐਸ. ਨਗਰ ਵਿੱਖੇ ਚੰਡੀਗੜ੍ਹ ਦੀ ਤਰਜ਼ ਤੇ ਹਾਈਟੈੱਕ ਸੀ.ਸੀ.ਟੀ.ਵੀ. ਕੈਮਰੇ ਲਗਾਉਣਾ**

***961 ਸ. ਕੁਲਵੰਤ ਸਿੰਘ (ਐਸ.ਏ.ਐਸ. ਨਗਰ):**

**ਮੁੱਖ ਮੰਤਰੀ**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਐਸ.ਏ.ਐਸ. ਨਗਰ ਵਿੱਖੇ ਚੰਡੀਗੜ੍ਹ ਦੀ ਤਰਜ਼ ਤੇ ਸੜਕ ਦੇ ਇੰਟਰਸੈਕਸ਼ਨਾਂ ਤੇ ਹਾਈਟੈੱਕ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਲਈ 10 ਕਰੋੜ ਰੁਪਏ ਦੀ ਰਾਸ਼ੀ ਦਾ ਪ੍ਰਬੰਧ ਪਹਿਲਾਂ ਹੀ ਹੋਣ ਤੋਂ ਇਲਾਵਾ ਸਾਲ 2023-24 ਦੇ ਬਜ਼ਟ ਵਿੱਚ ਵੀ ਇਸ ਮੰਤਵ ਲਈ 5 ਕਰੋੜ ਰੁਪਏ ਦੀ ਰਾਸ਼ੀ ਦਾ ਪ੍ਰਬੰਧ ਕੀਤਾ ਗਿਆ ਹੈ; ਜੇਕਰ ਅਜਿਹਾ ਹੈ ਤਾਂ ਐਸ.ਏ.ਐਸ.ਨਗਰ ਵਿੱਖੇ ਉਕਤ ਕੈਮਰੇ ਕਦੋਂ ਤੱਕ ਲੱਗ ਜਾਣਗੇ?

----

**ਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਤੇ ਕੀਤੀਆਂ ਗਈਆਂ ਗਿਰਦਾਵਰੀਆਂ ਦਾ ਮੁਆਵਜ਼ਾ ਦੇਣਾ।**

***989 ਸ. ਸੁਖਜਿੰਦਰ ਸਿੰਘ ਰੰਧਾਵਾ (ਡੇਰਾ ਬਾਬਾ ਨਾਨਕ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :-**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਮੌਜੂਦਾ ਸਰਕਾਰ ਨੇ ਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਤੇ ਸੂਬੇ ਵਿੱਚ ਵਿਸ਼ੇਸ਼ ਗਿਰਦਾਵਰੀਆਂ ਕੀਤੀਆਂ ਹਨ;

(ਅ) ਉਪਰੋਕਤ ਵਰਣਿਤ ਗਿਰਦਾਵਰੀਆਂ ਦੇ ਆਧਾਰ ਤੇ ਕਿਸਾਨਾਂ ਨੂੰ ਮੌਜੂਦਾ ਸਰਕਾਰ ਦੁਆਰਾ ਫਸਲਾਂ ਦੇ ਹੋਏ ਨੁਕਸਾਨ ਲਈ ਜ਼ਿਲ੍ਹਾ-ਵਾਰ ਕਿੰਨਾ ਮੁਆਵਜ਼ਾ ਦਿੱਤਾ ਗਿਆ, ਕੀ ਮਾਪਦੰਡ ਅਪਣਾਏ ਗਏ ਅਤੇ ਪ੍ਰਤੀ ਏਕੜ ਕਿੰਨੀ ਰਕਮ ਅਦਾ ਕੀਤੀ ਗਈ; ਵੇਰਵੇ ਸਹਿਤ ਦੱਸਿਆ ਜਾਵੇ;

(ੲ) ਰਾਜ ਵਿੱਚ ਜ਼ਿਲ੍ਹਾ-ਵਾਰ ਉਨ੍ਹਾਂ ਕਿਸਾਨਾਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਨੂੰ 15000/- ਰੁਪਏ ਜਾਂ ਇਸ ਤੋਂ ਵੱਧ ਉਕਤ ਵਰਣਿਤ ਮੁਆਵਜ਼ੇ ਵਜੋਂ ਦਿੱਤੇ ਗਏ ਹਨ?

----

| | |
|---|---|
| **ਚੰਡੀਗੜ੍ਹ, 160001.** | **ਰਾਮ ਲੋਕ ਖਟਾਣਾ,** |
| **ਮੰਗਲਵਾਰ 5 ਮਾਰਚ 2024.** | **ਸਕੱਤਰ** |